# PRESS COVERAGE

# Madhu Vedwan of M. M. Modi College won Silver Medal in 2020-21 Asian Archery Championship

# 29.11.2021

ਅਜੀਤ
ਮੰਗਲਵਾਰ, 30 ਨਵੰਬਰ 2021



ਮੁਲਤਾਨੀ ਮੱਲ ਮੋਦੀ ਕਾਲਜ ਦੇ ਪ੍ਰਿੰਸੀਪਲ ਵਿਦਿਆਰਥਣ ਮਧੂ ਬੈਦਵਾਨ ਨੂੰ ਸਨਮਾਨਿਤ ਕਰਦੇ ਹੋਏ। ਅਜੀਤ ਤਸਵੀਰ

# ਮੋਦੀ ਕਾਲਜ ਦੀ ਵਿਦਿਆਰਥਣ ਮਧੂ ਬੈਦਵਾਨ ਨੇ ਜਿੱਤਿਆ ਏਸ਼ੀਅਨ ਤੀਰ-ਅੰਦਾਜ਼ੀ ਚੈਂਪੀਅਨਸ਼ਿਪ 'ਚ ਚਾਂਦੀ ਦਾ ਤਗਮਾ

ਪਟਿਆਲਾ, 29 ਨਵੰਬਰ (ਗੁਰਵਿੰਦਰ ਸਿੰਘ ਔਲਖ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਦੀ ਵਿਦਿਆਰਥਣ ਮਧੂ ਬੈਦਵਾਨ ਨੇ 14 ਤੋਂ 19 ਨਵੰਬਰ ਤੱਕ ਆਰਮੀ ਸਟੇਡੀਅਮ ਢਾਕਾ (ਬੰਗਲਾਦੇਸ਼) ਵਿਖੇ ਹੋਏ 'ਏਸ਼ੀਅਨ ਤੀਰ-ਅੰਦਾਜ਼ੀ ਚੈਂਪੀਅਨਸ਼ਿਪ-2021' 'ਚ ਚਾਂਦੀ ਦਾ ਤਗਮਾ ਜਿੱਤ ਕੇ ਦੇਸ਼ ਤੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਧੂ ਬੈਦਵਾਨ ਨੂੰ ਇਸ ਸ਼ਾਨਦਾਰ ਸਫਲਤਾ ਲਈ ਵਧਾਈ ਦਿੰਦਿਆਂ ਕਿਹਾ ਕਿ ਮੋਦੀ ਕਾਲਜ ਆਪਣੇ ਖਿਡਾਰੀਆਂ ਲਈ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਅਤੇ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਸ ਮੌਕੇ ਮਧੂ ਬੈਦਵਾਨ ਨੂੰ ਕਾਲਜ ਵਲੋਂ ਤੇ 'ਸਰਬੱਤ ਦਾ ਭਲਾ ਟਰੱਸਟ' ਦੇ ਮੈਨੇਜਿੰਗ ਡਾਇਰੈਕਟਰ ਡਾ.ਐੱਸ.ਪੀ.ਐੱਸ ਓਬਰਾਏ ਵਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੁਕਾਬਲੇ ਵਿੱਚ ਸਫਲ ਹੋਣ ਤੋਂ ਬਾਅਦ ਹੁਣ ਮਧੂ ਬੈਦਵਾਨ 2022 'ਚ ਹੈਗ ਜ਼ੌ (ਚੀਨ) ਹੋਣ ਵਾਲੀਆਂ ਏਸ਼ੀਅਨ ਖੇਡਾਂ 'ਚ ਸੋਨੇ ਦੇ ਤਗਮੇ ਲਈ ਮੁਕਾਬਲੇ 'ਚ ਭਾਗ ਲਵੇਗੀ। ਇਸ ਮੌਕੇ ਉਸ ਦੇ ਕੋਚ ਸੁਰਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਵੀ ਸਨਮਾਨਿਤ ਕੀਤਾ ਗਿਆ। ਕਾਲਜ ਦੇ ਖੇਡ ਵਿਭਾਗ ਦੇ ਮੁਖੀ ਡਾ. ਨਿਸ਼ਾਨ ਸਿੰਘ ਨੇ ਵੀ ਉਸ ਦੀ ਪ੍ਰਾਪਤੀ ਉੱਪਰ ਵਧਾਈ ਦਿੱਤੀ। ਇਸ ਮੌਕੇ ਡਾ. ਹਰਨੀਤ ਸਿੰਘ ਤੇ ਪ੍ਰੋ. ਮਨਦੀਪ ਕੌਰ ਵੀ ਹਾਜ਼ਿਰ ਸਨ।

दैनिक भास्कर

पटियाला, मंगलवार, 30 नवंबर, 2021

# एशियन तीरंदाजी चैंपियनशिप में मोदी कॉलेज की छात्रा मधु बैदवान ने जीता सिल्वर मेडल

## मधु बैदवान 2022 में चीन में होने वाले एशियन खेल मुकाबले में लेगी भाग

भास्कर न्यूज | पटियाला

मोदी कॉलेज की छात्रा मधु बैदवान ने 14 से 19 नवंबर तक आर्मी स्टेडियम ढाका (बंग्लादेश) में आयोजित एशियन तीरंदाजी चैंपियनशिप -2021 में सिल्वर मेडल जीता। कॉलेज प्रिंसिपल डा. खुशविंदर कुमार ने मधु बैदवान को इस शानदार सफलता के लिए बधाई देते कहा कि मोदी कॉलेज अपने खिलाड़ियों के लिए हर तरह की सुविधाओं और सहूलियतें देने के लिए वचनबद्ध है। इस मौके मधु बैदवान को कॉलेज की तरफ से और सरबत द भला ट्रस्ट के मैनेजिंग डायरेक्टर डॉ. एसपीएस ओबराय की तरफ से सम्मानित भी किया गया। मुकाबलों में सफल होने के बाद अब मधु बैदवान 2022 में हैगजो (चीन) होने वाली एशियन खेल में सोनो के तगमे के लिए मुकाबलों में भाग लेगी। इस मौके उसके प्रशिक्षक सुरिंदर सिंह, पंजाबी यूनिवर्सिटी पटियाला को भी सम्मानित किया गया। कॉलेज के खेल विभाग के प्रमुख डा. निशान सिंह ने भी उसकी प्राप्ति पर बधाई दी। इस मौके पर डा. हरनीत सिंह और प्रो. मनदीप कौर भी हाजिर थे।



सिल्वर मेडल जीतने पर मधु बैदवान को सम्मानित करता स्टाफ।

ਪੰਜਾਬੀ ਜਾਗਰਣ ਜਲੰਧਰ 30 ਨਵੰਬਰ 2021




ਵਿਦਿਆਰਥਣ ਮਧੂ ਬੈਦਵਾਨ ਨੂੰ ਸਨਮਾਨਿਤ ਕਰਦੇ ਡਾ. ਐੱਸਪੀਐੱਸ ਉਬਰਾਏ, ਪ੍ਰਿੰ. ਖੁਸ਼ਵਿੰਦਰ ਕੁਮਾਰ ਤੇ ਹੋਰ।

# ਮੋਦੀ ਕਾਲਜ ਦੀ ਵਿਦਿਆਰਥਣ ਨੇ ਜਿੱਤਿਆ ਸਿਲਵਰ ਮੈਡਲ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਦੀ ਵਿਦਿਆਰਥਣ ਮਧੂ ਬੈਦਵਾਨ ਨੇ 14 ਤੋਂ 19 ਨਵੰਬਰ ਤਕ ਆਰਮੀ ਸਟੇਡੀਅਮ ਢਾਕਾ (ਬੰਗਲਾਦੇਸ਼) 'ਚ ਆਯੋਜਿਤ ਹੋਏ 'ਏਸ਼ੀਅਨ ਤੀਰ-ਅੰਦਾਜ਼ੀ ਚੈਂਪੀਅਨਸ਼ਿਪ-2021' 'ਚ ਚਾਂਦੀ ਦਾ ਤਗਮਾ ਜਿੱਤ ਕੇ ਦੇਸ਼ ਤੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਧੂ ਬੈਦਵਾਨ ਨੂੰ ਇਸ ਸ਼ਾਨਦਾਰ ਸਫਲਤਾ ਲਈ ਵਧਾਈ ਦਿੱਤੀ। ਮਧੂ ਬੈਦਵਾਨ ਨੂੰ ਕਾਲਜ ਤੇ 'ਸਰਬੱਤ ਦਾ ਭਲਾ ਟਰਸੱਟ' ਦੇ ਮੈਨੇਜਿੰਗ ਡਾਇਰੈਕਟਰ ਡਾ. ਐੱਸਪੀਐੱਸ ਉਬਰਾਏ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੁਕਾਬਲੇ ਵਿਚ ਸਫਲ ਹੋਣ ਤੋਂ ਬਾਅਦ ਹੁਣ ਮਧੂ ਬੈਦਵਾਨ 2022 'ਚ ਹੈਗਜ਼ੌ (ਚੀਨ) ਹੋਣ ਵਾਲੀਆਂ ਏਸ਼ੀਅਨ ਖੇਡਾਂ 'ਚ ਸੋਨੇ ਦੇ ਤਗਮੇ ਲਈ ਮੁਕਾਬਲੇ 'ਚ ਹਿੱਸਾ ਲਵੇਗੀ। ਇਸ ਮੌਕੇ ਉਸ ਦੇ ਕੋਚ ਸੁਰਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਨੂੰ ਵੀ ਸਨਮਾਨਿਤ ਕੀਤਾ ਗਿਆ। ਕਾਲਜ ਦੇ ਖੇਡ ਵਿਭਾਗ ਦੇ ਮੁਖੀ ਡਾ. ਨਿਸ਼ਾਨ ਸਿੰਘ ਨੇ ਵਧਾਈ ਦਿੱਤੀ। ਇਸ ਮੌਕੇ ਡਾ. ਹਰਨੀਤ ਸਿੰਘ ਤੇ ਪ੍ਰੋ. ਮਨਦੀਪ ਕੌਰ ਹਾਜ਼ਰ ਸਨ।

# ਪਟਿਆਲਾ ਬਾਣੀ

## ਏਸ਼ੀਅਨ ਤੀਰ-ਅੰਦਾਜ਼ੀ ਚੈਂਪੀਅਨਸ਼ਿਪ-2021

# ਮੋਦੀ ਕਾਲਜ ਦੀ ਮਧੂ ਬੈਦਵਾਨ ਨੇ ਜਿੱਤਿਆ ਚਾਂਦੀ ਦਾ ਤਗਮਾ





ਕੋਚ ਅਤੇ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ। (ਜੋਸਨ)

ਪਟਿਆਲਾ, 29 ਨਵੰਬਰ (ਜੋਸਨ)- ਮੁਲਤਾਨੀ ਮੱਲ ਮੋਦੀ ਕਾਲਜ ਦੀ ਵਿਦਿਆਰਥਣ ਮਧੂ ਬੈਦਵਾਨ ਨੇ 14 ਤੋਂ 19 ਨਵੰਬਰ ਤੱਕ ਆਰਮੀ ਸਟੇਡੀਅਮ ਢਾਕਾ (ਬੰਗਲਾ-ਦੇਸ਼) ਵਿਖੇ ਆਯੋਜਿਤ ਏਸ਼ੀਅਨ ਤੀਰ-ਅੰਦਾਜ਼ੀ ਚੈਂਪੀਅਨਸ਼ਿਪ-2021 ਵਿਚ ਚਾਂਦੀ ਦਾ ਤਗਮਾ ਜਿੱਤ ਕੇ ਦੇਸ਼ ਅਤੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਧੂ ਬੈਦਵਾਨ ਨੂੰ ਇਸ ਸ਼ਾਨਦਾਰ ਸਫਲਤਾ ਲਈ ਵਧਾਈ ਦਿੰਦਿਆਂ ਕਿਹਾ ਕਿ ਮੋਦੀ ਕਾਲਜ ਆਪਣੇ ਖਿਡਾਰੀਆਂ ਲਈ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਅਤੇ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਸ ਮੌਕੇ ਮਧੂ ਬੈਦਵਾਨ ਨੂੰ ਕਾਲਜ ਵੱਲੋਂ ਅਤੇ 'ਸਰਬੱਤ ਦਾ ਭਲਾ ਟਰਸੱਟ' ਦੇ ਮੈਨਜਿੰਗ ਡਾਇਰੈਕਟਰ ਡਾ. ਐੱਸ. ਪੀ. ਐੱਸ. ਓਬਰਾਏ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਮੁਕਾਬਲੇ 'ਚ ਸਫਲ ਹੋਣ ਤੋਂ ਬਾਅਦ ਹੁਣ ਮਧੂ ਬੈਦਵਾਨ 2022 ਵਿਚ ਹੈਗਜ਼ੌ (ਚੀਨ) ਹੋਣ ਵਾਲੀਆਂ ਏਸ਼ੀਅਨ ਖੇਡਾਂ 'ਚ ਸੋਨ ਤਗਮੇ ਲਈ ਮੁਕਾਬਲੇ 'ਚ ਭਾਗ ਲਵੇਗੀ।

ਇਸ ਮੌਕੇ ਕੋਚ ਸੁਰਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਨੂੰ ਵੀ ਸਨਮਾਨਿਤ ਕੀਤਾ ਗਿਆ। ਖੇਡ ਵਿਭਾਗ ਦੇ ਮੁਖੀ ਡਾ. ਨਿਸ਼ਾਨ ਸਿੰਘ ਨੇ ਵੀ ਉਸ ਦੀ ਪ੍ਰਾਪਤੀ ਉੱਪਰ ਵਧਾਈ ਦਿੰਦਿਆਂ ਕਿਹਾ ਕਿ ਕਾਲਜ ਅਤੇ ਵਿਭਾਗ ਨੂੰ ਉਸ 'ਤੇ ਮਾਣ ਹੈ। ਉਮੀਦ ਹੈ ਕਿ ਉਹ ਅਗਲੇ ਮੁਕਾਬਲਿਆਂ 'ਚ ਹੋਰ ਵਧੀਆ ਪ੍ਰਦਰਸ਼ਨ ਕਰੇਗੀ। ਇਸ ਮੌਕੇ ਡਾ. ਹਰਨੀਤ ਸਿੰਘ ਅਤੇ ਪ੍ਰੋ. ਮਨਦੀਪ ਕੌਰ ਵੀ ਹਾਜ਼ਰ ਸਨ।

**Daily Charhdikala, Patiala (Tuesday, 30 November 2021)**



# ਮੋਦੀ ਕਾਲਜ ਦੀ ਵਿਦਿਆਰਥਣ ਮਧੂ ਬੈਦਵਾਨ ਨੇ ਜਿੱਤਿਆ ਏਸ਼ੀਅਨ ਤੀਰ-ਅੰਦਾਜ਼ੀ ਚੈਂਪੀਅਨਸ਼ਿਪ 'ਚ ਚਾਂਦੀ ਦਾ ਤਮਗ਼ਾ



ਪਟਿਆਲਾ, 29 ਨਵੰਬਰ (ਰੁਪਾਣਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੀ ਵਿਦਿਆਰਥਣ ਮਧੂ ਬੈਦਵਾਨ ਨੇ 14 ਤੋਂ 19 ਨਵੰਬਰ ਤੱਕ ਆਰਮੀ ਸਟੇਡੀਅਮ ਢਾਕਾ (ਬੰਗਲਾਦੇਸ਼) ਵਿਖੇ ਆਯੋਜਿਤ ਹੋਏ 'ਏਸ਼ੀਅਨ ਤੀਰ-ਅੰਦਾਜ਼ੀ ਚੈਂਪੀਅਨਸ਼ਿਪ-2021' ਵਿੱਚ ਚਾਂਦੀ ਦਾ ਤਮਗ਼ਾ ਜਿੱਤ ਕੇ ਦੇਸ਼ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਧੂ ਬੈਦਵਾਨ ਨੂੰ ਇਸ ਸ਼ਾਨਦਾਰ ਸਫਲਤਾ ਲਈ ਵਧਾਈ ਦਿੰਦਿਆਂ ਕਿਹਾ ਕਿ ਮੋਦੀ ਕਾਲਜ ਆਪਣੇ ਖਿਡਾਰੀਆਂ ਲਈ ਹਰ ਤਰਾਂ ਦੀਆਂ ਸੁਵਿਧਾਵਾਂ ਅਤੇ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਸ ਮੌਕੇ 'ਤੇ ਮਧੂ ਬੈਦਵਾਨ ਨੂੰ ਕਾਲਜ ਵੱਲੋਂ ਅਤੇ 'ਸਰਬੱਤ ਦਾ ਭਲਾ' ਟਰੱਸਟ ਦੇ ਮੈਨਜਿੰਗ ਡਾਇਰੈਕਟਰ ਡਾ. ਐੱਸ.ਪੀ.ਐੱਸ. ਓਬਰਾਏ ਵੱਲੋਂ ਸਨਮਾਨਤ ਵੀ ਕੀਤਾ ਗਿਆ। ਇਸ ਮੁਕਾਬਲੇ ਵਿੱਚ ਸਫਲ ਹੋਣ ਤੋਂ ਬਾਅਦ ਹੁਣ ਮਧੂ ਬੈਦਵਾਨ 2022 ਵਿੱਚ ਹੈਗਜ਼ੌ (ਚੀਨ) ਹੋਣ ਵਾਲੀਆਂ ਏਸ਼ੀਅਨ ਖੇਡਾਂ ਵਿੱਚ ਸੋਨੇ ਦੇ ਤਮਗ਼ ਲਈ ਮੁਕਾਬਲੇ ਵਿੱਚ ਭਾਗ ਲਵੇਗੀ। ਇਸ ਮੌਕੇ 'ਤੇ ਉਸ ਦੇ ਕੋਚ ਸ੍ਰੀ. ਸੁਰਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਵੀ ਸਨਮਾਨਤ ਕੀਤਾ ਗਿਆ। ਕਾਲਜ ਦੇ ਖੇਡ ਵਿਭਾਗ ਦੇ ਮੁਖੀ ਡਾ. ਨਿਸ਼ਾਨ ਸਿੰਘ ਨੇ ਵੀ ਉਸ ਦੀ ਪ੍ਰਾਪਤੀ ਉੱਪਰ ਵਧਾਈ ਦਿੱਤੀ ਤੇ ਕਿਹਾ ਕਿ ਕਾਲਜ ਤੇ ਵਿਭਾਗ ਨੂੰ ਉਸ 'ਤੇ ਮਾਣ ਹੈ ਤੇ ਉਮੀਦ ਹੈ ਕਿ ਉਹ ਅਗਲੇ ਮੁਕਾਬਲਿਆਂ ਵਿੱਚ ਹੋਰ ਵਧੀਆ ਪ੍ਰਦਰਸ਼ਨ ਕਰੇਗੀ। ਇਸ ਮੌਕੇ 'ਤੇ ਡਾ. ਹਰਨੀਤ ਸਿੰਘ ਤੇ ਪ੍ਰੋ. ਮਨਦੀਪ ਕੌਰ ਵੀ ਹਾਜ਼ਰ ਸਨ।